بِسۡمِ اللّٰہِ الرَّحۡمٰنِ الرَّحِیۡمِ نَحْمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.01.2022

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਸਿੱਦੀਕ ਅਬਦੁਲੱਾਹ ਬਿਨ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਜਨਵਰੀ 2022 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਉਜ਼, ਸੂਰਤ ਫ਼ਾਤਿਹਾ ਅਤੇ ਸੂਰਤ ਤੌਬਾ ਦੀ ਆਇਤ 40 ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਤੋਂ ਪਹਿਲੇ ਖ਼ੁਤਬੇ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਹੋ ਰਿਹਾ ਸੀ । ਹਿਜਰਤ ਦੇ ਸਫ਼ਰ ਵਿੱਚ ਸੁਰਾਕਾ ਬਿਨ ਮਾਲਕ ਦੇ ਪਿਛੱਾ ਕਰਨ ਬਾਰੇ ਕੁਝ ਰਿਵਾਇਤਾਂ ਹਨ । ਇਕ ਰਿਵਾਇਤ ਅਨੁਸਾਰ ਸੁਰਾਕਾ ਦੇ ਵਾਪਸ ਪਰਤਦੇ ਸਮੇਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸੁਰਾਕਾ ! ਤੇਰਾ ਕੀ ਹਾਲ ਹੋਵੇਗਾ ਜੱਦ ਕਿਸਰਾ (ਬਾਦਸ਼ਾਹ) ਦੇ ਕੰਗਨ ਤੇਰੇ ਹੱਥ ਵਿੱਚ ਹੋਣਗੇ । ਸੁਰਾਕਾ ਹੈਰਾਨ ਹੋ ਕੇ ਪਰਤਿਆ ਅਤੇ ਕਿਹਾ ਕਿ ਕਿਸਰਾ ਬਿਨ ਹਰਮਜ਼ ? ਆਪ ਨੇ ਫ਼ਰਮਾਇਆ, ਹਾਂ ! ਉਹੋ ਹੀ ਕਿਸਰਾ ਬਿਨ ਹਰਮਜ਼ । ਸੋ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਕਿਸਰਾ ਦੇ ਕੰਗਨ, ਤਾਜ ਤੇ ਕਮਰ ਬੰਦ ਲਿਆਇਆ ਗਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸੁਰਾਕਾ ਨੂੰ ਬੁਲਾਇਆ ਅਤੇ ਉਹਨਾਂ ਨੂੰ ਇਹ ਕੰਗਨ ਪਹਿਨਾਏ ਅਤੇ ਫ਼ਰਮਾਇਆ ਕਿ ਕਹੋ ਸਾਰੀਆਂ ਪ੍ਰਸ਼ੰਸਨਾਵਾਂ ਰੱਬ ਲਈ ਹਨ ਜਿਸਨੇ ਕਿਸਰਾ ਬਿਨ ਹਰਮਜ਼ ਤੋਂ ਇਹ ਦੋਵੇਂ ਚੀਜ਼ਾਂ ਖੋਹ ਕੇ ਪ੍ਰਦਾਨ ਕੀਤੀਆਂ । ਇਹ ਵਰਨਣ ਵੀ ਮਿਲਦਾ ਹੈ ਕਿ ਸੁਰਾਕਾ ਨੂੰ ਇਹ ਖ਼ੁਸ਼ਖ਼ਬਰੀ ਹੁਨੈਨ ਅਤੇ ਤਾਇਫ਼ ਤੋਂ ਵਾਪਸੀ ਦੇ ਸਫ਼ਰ ਸਮੇਂ ਉਹਨਾ ਦੇ ਇਸਲਾਮ ਕੁਬੂਲ ਕਰਨ'ਤੇ ਦਿੱਤੀ ਗਈ ਸੀ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਨੇ ਸੀਰਤ ਖ਼ਾਤਮਨੱਬੀਯੀਨ ਵਿੱਚ ਸੁਰਾਕਾ ਦੇ ਆਪਣੇ ਸ਼ਬਦਾਂ ਵਿੱਚ ਇਹ ਘਟਨਾ ਵਰਨਣ ਕੀਤੀ ਹੈ । ਫ਼ਾਲ ਪੁੱਠੀ ਨਿਕਲਣ ਤੇ ਘੋੜੇ ਦੇ ਪੈਰ੍ਹ ਰੇਤ ਵਿੱਚ ਧਸੱਣ ਬਾਰੇ ਸੁਰਾਕਾ ਦਾ ਬਿਆਨ ਹੈ ਕਿ ਇਸ ਪ੍ਰਕਾਰ ਹੋਣ ਨਾਲ ਮੈਂ ਇਹ ਸਮਝਿਆ ਕਿ ਇਸ ਵਿਅਕਤੀ ਦਾ ਸਿਤਾਰਾ ਵਿਜੈ ਵੱਲ ਹੈ ਅਤੇ ਅਖ਼ੀਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਗ਼ਾਲਬ ਰਹਿਣਗੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ, ਜੱਦ ਸੁਰਾਕਾ ਪਰਤਨ ਲਗੱਾ ਤਾਂ ਝਬਦੇ ਹੀ ਰੱਬ ਨੇ ਭਵਿੱਖ ਦੇ ਹਾਲਾਤ ਆਪ ਸਲਲੱਾਹੁ ਅਲੈਹਿ ਵਸਲੱਮ'ਤੇ ਗ਼ੈਬ ਨਾਲ ਪ੍ਰਕਟ ਕੀਤੇ, ਆਪ ਨੇ ਫ਼ਰਮਾਇਆ ਉਸ ਸਮੇਂ ਤੇਰਾ ਕੀ ਹਾਲ ਹੋਵੇਗਾ ਜੱਦ ਤੇਰੇ ਹਥੱਾਂ ਵਿੱਚ ਕਿਸਰਾ ਦੇ ਕੰਗਨ ਹੋਣਗੇ । ਆਪ ਸਲਲੱਾਹੁ ਅਲੈਹਿ ਵਸਲੱਮ ਦੀ ਇਹ ਭਵਿੱਖਬਾਣੀ ਸੋਲ੍ਹਾਂ ਸਤਾਰ੍ਹਾਂ ਸਾਲ ਬਾਦ ਅਖੱਰ ਅਖੱਰ ਪੂਰੀ ਹੋਈ । ਸੁਰਾਕਾ ਮੁਸਲਮਾਨ ਹੋਣ ਦੇ ਬਾਦ ਆਪਣੀ ਇਸ ਘਟਨਾਂ ਨੂੰ ਮੁਸਲਮਾਨਾ ਵਿੱਚ ਅਤਿਅੰਤ ਫ਼ਖ਼ਰ

ਨਾਲ ਸੁਣਾਇਆ ਕਰਦਾ ਸੀ ਅਤੇ ਮੁਸਲਮਾਨ ਇਸ ਗੱਲ ਤੋਂ ਜਾਣੂ ਸਨ । ਇਰਾਨੀ ਜਿੱਤਾਂ ਮਗਰੋਂ ਜੱਦ ਮਾਲੇ ਗ਼ਨੀਮਤ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਿਸਰਾ ਦੇ ਕੰਗਨ ਦੇਖੇ ਤਾਂ ਸਾਰਾ ਨਕਸ਼ਾ ਆਪ ਦੀਆਂ ਅਖੱਾਂ ਸਾਹਮਣੇ ਫਿਰ ਗਿਆ । ਉਹ ਕਮਜ਼ੋਰੀ ਤੇ ਮਾੜੇ ਹੋਣ ਦਾ ਸਮਾਂ ਜੱਦ ਰੱਬ ਦੇ ਰਸੂਲ ਨੂੰ ਆਪਣਾ ਵਤਨ ਛਡੱਕੇ ਮਦੀਨੇ ਆਉਣਾ ਪਿਆ, ਸੁਰਾਕਾ ਤੇ ਹੋਰਨਾ ਵਿਅਕਤੀਆਂ ਦਾ ਆਪਦੇ ਪਿੱਛੇ ਇਸ ਲਈ ਘੋੜੇ ਦੁੜਾਉਣਾ ਕਿ ਕਿਸੇ ਪ੍ਰਕਾਰ ਆਪ ਨੂੰ ਫੜਕੇ ਮੱਕੇ ਵਾਲਿਆਂ ਦੇ ਸੁਪੁਰਦ ਕਰ ਦੇਣ ਅਤੇ ਸੌ ਊਠਾਂ ਦੇ ਮਾਲਕ ਬਣ ਜਾਣ । ਇਸ ਸਮੇਂ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਸੁਰਾਕਾ ਨੂੰ ਇਹ ਖ਼ੁਸ਼ਖ਼ਬਰੀ ਦੇਣੀ, ਕਿੰਨ੍ਹੀ ਵੱਡੀ ਭਵਿੱਖਬਾਣੀ ਸੀ, ਕਿੰਨ੍ਹਾ ਸਾਫ਼ ਤੇ ਮਹਾਨ ਗ਼ੈਬ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸੁਰਕਾ ਨੂੰ ਹੁਕਮ ਦਿਤੱਾ ਕਿ ਉਹ ਕਿਸਰਾ ਦੇ ਕੰਗਨ ਆਪਣੇ ਹਥੱਾਂ ਵਿੱਚ ਪਾਉਣ । ਸੁਰਾਕਾ ਨੇ ਕਿਹਾ ਕਿ ਸੋਨਾ ਪਾਉਣਾ ਤਾਂ ਮੁਸਲਮਾਨਾ ਲਈ ਮਨਾ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ, ਹਾਂ ਮਨਾ ਹੈ ਪਰ ਇਹਨਾ ਮੌਕਿਆਂ ਲਈ ਨਹੀਂ । ਅਲੱਾਹ ਨੇ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲੱਮ ਨੂੰ ਤੁਹਾਡੇ ਹਥੱਾਂ ਵਿੱਚ ਸੋਨੇ ਦੇ ਕੰਗਨ ਦਿਖਾਏ ਸਨ । ਜਾਂ ਤਾਂ ਤੁਸੀਂ ਇਹ ਕੰਗਨ ਪਾਓਗੇ ਜਾਂ ਮੈਂ ਤੁਾਨੂੰ ਦੰਡ ਦਿਆਂਗਾ । ਸੁਰਾਕਾ ਨੇ ਉਹ ਕੰਗਨ ਆਪਣੇ ਹਥੱਾਂ ਵਿੱਚ ਪਾ ਲਏ ਅਤੇ ਮੁਸਲਮਾਨਾ ਨੇ ਇਸ ਮਹਾਨ ਭਵਿੱਖਬਾਣੀ ਨੂੰ ਪੂਰਾ ਹੁੰਦਿਆਂ ਹੋਇਆਂ ਆਪਣੀਆਂ ਅਖੱਾਂ ਨਾਲ ਦੇਖਿਆ ।

ਹਿਜਰਤ ਦੇ ਸਫ਼ਰ ਸਮੇਂ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਕਾਫ਼ਲਾ (ਜਥੱਾ) ਮਾਰਗੀ ਸਮਗਰੀ ਦੀ ਭਾਲ ਵਿੱਚ ਉਮੇ ਮਾਬਦ ਦੇ ਡੇਰੇ ਕੋਲ ਰੁਕਿਆ । ਉਮੇ ਮਾਬਦ ਇਕ ਬਹਾਦਰ ਇਸਤਰੀ ਸਨ ਜੋ ਯਾਤਰੀਆਂ ਨੂੰ ਖਾਣਾ ਖੁਆਇਆ ਕਰਦੀ ਸਨ । ਜੱਦ ਆਪ ਸਲਲੱਹੁ ਅਲੈਹਿ ਵਸਲੱਮ ਦਾ ਜਥੱਾ ਉੱਥੇ ਪਹੁੰਚਿਆ ਤਾਂ ਉਮੇ ਮਾਬਦ ਦੀ ਕੌਮ ਕਹਿਤ ਵਿੱਚ ਘਿਰੀ ਹੋਈ ਸੀ ਅਤੇ ਉਹਨਾ ਕੋਲ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਪੇਸ਼ ਕਰਨ ਲਈ ਕੁਝ ਨਹੀਂ ਸੀ । ਉਮੇ ਮਾਬਦ ਦੀ ਇਕ ਅਤਿਅੰਤ ਮਾੜੀ ਤੇ ਕਮਜ਼ੋਰ ਬਕਰੀ ਤੋਂ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਦੁਆ ਕਰਕੇ ਦੁੱਧ ਚੋਹਿਆ ਗਿਆ ਤਾਂ ਇਸ ਵਿੱਚ ਅਥਾਹ ਬਰਕਤ ਪਈ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਜੇ ਮਾਰਗ ਵਿੱਚ ਹੀ ਸਨ ਕਿ ਉਹਨਾਂ ਨੂੰ ਹਜ਼ਰਤ ਜ਼ੁਬੈਰ ਰਜ਼ੀ ਅਲੱਾਹੁ ਅਨਹੁ ਮਿਲੇ ਜੋ ਮੁਸਲਮਾਨਾ ਦੇ ਇਕ ਜੱਥੇ ਨਾਲ ਸ਼ਾਮ (ਸੀਰੀਆ) ਤੋਂ ਵਪਾਰ ਕਰਕੇ ਵਾਪਸ ਪਰਤ ਰਹੇ ਸਨ । ਜ਼ੁਬੈਰ ਨੇ ਚਿੱਟਿਆਂ ਕਪੜਿਆਂ ਦਾ ਇਕ ਜੋੜਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਅਤੇ ਇਕ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਭੇਂਟ ਕੀਤਾ ।

ਕਿਉਂਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਵਪਾਰੀ ਹੋਣ ਕਰਕੇ ਇਸ ਮਾਰਗ ਰਾਹੀਂ ਵਾਰ ਵਾਰ ਆਉਂਦੇ ਜਾਂਦੇ ਰਹਿੰਦੇ ਸਨ ਇਸ ਲਈ ਬਹੁਤ ਲੋਕ ਉਹਨਾਂ ਨੂੰ ਜਾਣਦੇ ਸਨ, ਪਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਨਹੀਂ ਪਛਾਣਦੇ ਸਨ । ਇਸ ਲਈ ਉਹ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਪੁਛੱਦੇ ਸਨ ਕਿ ਇਹ ਤੁਹਾਡੇ ਅੱਗੇ ਅੱਗੇ ਕੌਣ ਹੈ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ هٰذَا يَهْدِيْنِي السَّبِيْلَ ਇਹ ਮੇਰਾ ਮਾਰਗ ਦਰਸ਼ਕ ਹੈ । ਉਹ ਸਮਝਦੇ ਸਨ ਕਿ ਸ਼ਾਇਦ ਇਹ ਕੋਈ ਪ੍ਰਮਾਣ ਅਰਥਾਤ ਗਾਈਡ ਹੈ ਜੋ ਮਾਰਗ ਦਿਖਾਉਂਣ ਲਈ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਨਾਲ ਲੈ ਲਿਆ ਹੈ । ਪਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਮੰਤਵ ਕੁਝ ਹੋਰ ਹੁੰਦਾ ਸੀ ।

ਅੱਠ ਦਿਨ ਦਾ ਸਫ਼ਰ ਕਰਦਿਆਂ ਹੋਇਆਂ ਰੱਬ ਦੀ ਅਪਾਰ ਸਹਾਇਤਾ ਨਾਲ ਅਖ਼ੀਰ ਸੋਮਵਾਰ ਦੇ ਦਿਨ ਆਪ ਸਲਲੱਾਹੁ ਅਲੈਹਿ ਵਸਲੱਮ ਕਬਾ ਪਹੁੰਚ ਗਏ । ਇਹ ਬਸਤੀ ਮਦੀਨੇ ਤੋਂ ਦੋ ਮੀਲ ਦੀ ਦੂਰੀ'ਤੇ ਸਿਥਿਤ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਕ ਯਹੂਦੀ ਨੇ ਆਪ ਦੀ ਊਠਣੀਆਂ ਨੂੰ ਆਉਂਦਿਆਂ ਦੇਖਿਆ ਤਾਂ ਸਮਝ ਗਿਆ ਕਿ ਇਹ ਕਾਫ਼ਲਾ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਹੈ । ਉਸ ਨੇ ਬਸਤੀ ਵਾਲਿਆਂ ਨੂੰ ਅਵਾਜ਼ ਦਿੱਤੀ ਤਾਂ ਮਦੀਨੇ ਦਾ ਹਰ ਵਿਅਕਤੀ ਕਬਾ ਵੱਲ ਦੌੜ ਪਿਆ । ਮਦੀਨੇ ਦੇ ਅਧਿਕਤਰ ਲੋਕ ਆਪ ਦੀ ਸ਼ਕਲ ਤੋਂ ਜਾਣੂ ਨਹੀਂ ਸਨ, ਜੱਦ ਕਬਾ ਤੋਂ ਬਾਹਰ ਆਪ ਸਲਲੱਾਹੁ ਅਲੈਹਿ ਵਸਲੱਮ ਇਕ ਰੁੱਖ ਹੇਠਾਂ ਬੈਠੇ ਹੋਏ ਸਨ ਅਤੇ ਲੋਕ ਭਜੱਦੇ ਹੋਏ ਮਦੀਨੇ ਵੱਲੋਂ ਆਪ ਸਲਲੱਾਹੁ ਅਲੈਹਿ ਵਸਲੱਮ ਵੱਲ ਆ ਰਹੇ ਸਨ, ਪਰ ਕਿਉਂਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਬਹੁਤ ਅਧਿਕ ਸਾਦਗੀ ਨਾਲ ਬੈਠੇ ਹੋਏ ਸਨ, ਇਸ ਲਈ ਇਹਨਾਂ ਅਣਜਾਣ ਲੋਕਾਂ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਦੇਖਕੇ ਜੋ ਉਮਰ ਵਿੱਚ ਭਾਵੇਂ ਛੋਟੇ ਸਨ ਪਰ ਉਹਨਾ ਦੀ ਦਾੜ੍ਹੀ ਵਿੱਚ

ਕੁਝ ਚਿੱਟੇ ਵਾਲ ਆਏ ਹੋਏ ਸਨ ਅਤੇ ਇਸੇ ਪ੍ਰਕਾਰ ਉਹਨਾ ਦਾ ਵਸਤਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਕੁਝ ਚੰਗਾ ਸੀ ਇਹੋ ਸਮਝਦੇ ਕਿ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਸਲਲੱਾਹੁ ਅਲੈਹਿ ਵਸਲੱਮ ਹਨ ਅਤੇ ਬਹੁਤ ਅਦਬ ਨਾਲ ਆਪ ਰਜ਼ੀ ਅਲੱਾਹੁ ਅਨਹੁ ਵੱਲ ਮੂੰਹ ਕਰਕੇ ਬੈਠਦੇ ਜਾਂਦੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਜੱਦ ਇਹ ਗੱਲ ਦੇਖੀ ਤਾਂ ਸਮਝ ਲਿਆ ਕਿ ਲੋਕਾਂ ਨੂੰ ਗ਼ਲਤੀ ਲੱਗ ਰਹੀ ਹੈ । ਉਹ ਝੱਟ ਚਾਦਰ ਫੈਲਾਕੇ ਸੂਰਜ ਸਾਹਮਣੇ ਖੜੇ ਹੋ ਗਏ ਅਤੇ ਕਿਹਾ ਹੇ ! ਰਸੂਲੁਲੱਾਹ ਸਲਲੱਾਹੁ ਅਲੈਹਿ ਵਸੱਲਮ ਆਪ'ਤੇ ਧੁੱਪ ਪੈ ਰਹੀ ਹੈ ਮੈਂ ਆਪ'ਤੇ ਛਾਂ ਕਰਦਾ ਹਾਂ ਅਤੇ ਇਸ ਸੂਖਮ ਢੰਗ ਰਾਹੀਂ ਉਹਨਾਂ ਨੇ ਲੋਕਾਂ'ਤੇ ਉਹਨਾ ਦੀ ਗ਼ਲਤੀ ਨੂੰ ਪ੍ਰਕਟ ਕਰ ਦਿਤੱਾ ।

ਹਜ਼ਰਤ ਅਨਸ ਬਿਨ ਮਾਲਕ ਕਹਿੰਦੇ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਏ ਤਾਂ ਸਾਡੇ ਲਈ ਮਦੀਨਾਂ ਰੌਸ਼ਨ ਹੋ ਗਿਆ ਅਤੇ ਜੱਦ ਆਪ ਸਲਲੱਾਹੁ ਅਲੈਹਿ ਵਸਲੱਮ ਫ਼ੌਤ ਹੋਏ ਤਾਂ ਉਸ ਦਿਨ ਤੋਂ ਬਹੁਤਾਂ ਹਨ੍ਹੇਰਮਈ ਦਿਨ ਮਦੀਨੇ ਸ਼ਹਿਰ ਵਿੱਚ ਕਦੇ ਨਹੀਂ ਆਇਆ । ਕਬਾ ਦੇ ਅੰਸਾਰ ਨੇ ਆਪ ਜੀ ਦਾ ਅਤਿਅੰਤ ਸਦਭਾਵਨਾਪੂਰਨ ਸਵਾਗਤ ਕੀਤਾ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਕੁਲਸੂਮ ਬਿਨ ਅਲਮਹਦੀ ਦੇ ਗਰ ਵਿੱਚ ਬਿਰਾਜੇ ।

ਸਹੀ ਬੁਖ਼ਾਰੀ ਵਿੱਚ ਰਿਵਾਇਤ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਬਨੂ ਉਮਰੋ ਬਿਨ ਔਫ਼ ਦੇ ਮੁਹੱਲੇ ਵਿੱਚ ਦੱਸ ਤੋਂ ਵੱਧ ਰਾਤਾਂ ਠਹਿਰੇ । ਰਿਵਾਇਤ ਵਿੱਚ ਵਰਨਣ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਬਨੂ ਉਮਰੋ ਬਿਨ ਔਫ਼ ਲਈ ਮਸਜਿਦ ਦੀ ਨੀਂਹ ਰੱਖੀ । ਜੱਦ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਦੀ ਨੀਂਹ ਰੱਖੀ ਤਾਂ ਸੱਭ ਤੋਂ ਪਹਿਲਾਂ ਆਪ ਨੇ ਕਿਬਲੇ ਵੱਲ ਇਕ ਪਥੱਰ ਰੱਖਿਆ ਫਿਰ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਨੇ ਇਕ ਪਥੱਰ ਲਿਆਕੇ ਰੱਖਿਆ । ਫ਼ਿਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਕ ਪਥੱਰ ਲਿਆਏ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਪਥੱਰ ਨਾਲ ਰੱਖ ਦਿਤੱਾ ਫਿਰ ਸਾਰੇ ਲੋਕਾ ਉਸਾਰੀ ਵਿੱਚ ਲੀਨ ਹੋ ਗਏ । ਮਸਜਿਦ ਕਬਾ ਬਾਰੇ ਵਰਨਣ ਹੈ ਕਿ ਇਹੋ ਉਹ ਮਸਜਿਦ ਹੈ ਜਿਸ ਦੀ ਨੀਂਹ ਤਕਵਾ'ਤੇ (ਸੰਜ਼ਮਤਾ'ਤੇ) ਰੱਖੀ ਗਈ ਸੀ । ਹਜ਼ਰਤ ਇਬਨੇ ਅਬੱਾਸ ਬਿਆਨ ਕਰਦੇ ਹਨ ਕਿ ਮਦੀਨੇ ਦੀਆਂ ਸਾਰੀਆਂ ਮਸਜਿਦਾਂ ਜਿਸ ਵਿੱਚ ਕਬਾ ਦੀ ਮਸਜਿਦ ਵੀ ਸ਼ਾਮਲ ਹੈ ਇਹਨਾ ਦੀ ਨੀਂਹ ਤਕਵਾ'ਤੇ ਰੱਖੀ ਗਈ ਹੈ ਪਰ ਜਿਸ ਬਾਰੇ ਆਇਤ ਨਾਜ਼ਿਲ ਹੋਈ ਸੀ ਉਹ ਮਸਜਿਦ ਕਬਾ ਹੀ ਹੈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਕਬਾ ਵਿੱਚ ਵੱਧ ਤੋਂ ਵੱਧ ਦੱਸ ਦਿਨ ਦੇ ਪੜਾਅ ਦੇ ਬਾਦ ਸ਼ੁਕਰਵਾਰ ਦੇ ਦਿਨ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਮਦੀਨੇ ਦੇ ਅੰਦਰਲੇ ਭਾਗ ਵੱਲ ਰਾਵਨਾ ਹੋਏ । ਅੰਸਾਰ ਤੇ ਮੁਹਾਜਰਾਂ ਦੀ ਇਕ ਲੰਮੀ ਜਮਾਤ ਆਪ ਜੀ ਦੇ ਨਾਲ ਸੀ । ਆਪ ਸਲਲੱਾਹੁ ਅਲੈਹਿ ਵਸਲੱਮ ਇਕ ਊਠਣੀ'ਤੇ ਸਵਾਰ ਸਨ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਆਪ ਦੇ ਪਿੱਛੇ ਸਨ । ਇਹ ਜਥੱਾ ਹੌਲ੍ਹੀ ਹੌਲ੍ਹੀ ਸ਼ਹਿਰ ਵੱਲ ਵਧੱਣਾ ਸ਼ੁਰੂ ਹੋਇਆ । ਮਾਰਗ ਵਿੱਚ ਜੁਮਏ ਦੀ ਨਮਾਜ਼ ਦਾ ਸਮਾਂ ਆ ਗਿਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਬਨੂ ਸਾਲਮ ਬਿਨ ਔਫ਼ ਦੇ ਮੁਹੱਲੇ ਵਿੱਚ ਠਹਿਰਕੇ ਖੁਤਬਾ ਦਿਤੱਾ ਅਤੇ ਜੁਮਏ ਦੀ ਨਮਾਜ਼ ਪੜ੍ਹੀ ।

ਆਪ ਜਿਸ ਵੀ ਮੁਸਲਮਾਨ ਦੇ ਘਰ ਨੇੜਿਓਂ ਲੰਘਦੇ ਉਹ ਪ੍ਰੇਮ ਦੇ ਜੋਸ਼ ਵਿੱਚ ਬਿਨਤੀ ਕਰਦਾ ਕਿ ਹੇ ! ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਹ ਸਾਡਾ ਘਰ, ਮਾਲ ਤੇ ਜਾਨ ਹਾਜ਼ਰ ਹੈ, ਸਾਡੇ ਕੋਲ ਆਪ ਦੀ ਰੱਖਿਆ ਦਾ ਸਾਧਨ ਵੀ ਹੈ ਆਪ ਸਾਡੇ ਕੋਲ ਠਹਿਰਣ । ਆਪ ਸਲਲੱਾਹੁ ਅਲੈਹਿ ਵਸਲੱਮ ਉਹਨਾ ਲਈ ਭਲਾਈ ਦੀ ਦੁਆ ਕਰਦਿਆਂ ਹੋਇਆਂ ਅੱਗੇ ਵੱਧ ਜਾਂਦੇ । ਮੁਸਲਮਾਨ ਇਸਤਰੀਆਂ ਤੇ ਬੱਚੀਆਂ ਖ਼ੁਸ਼ੀ ਦੇ ਜੋਸ਼ ਵਿੱਚ ਆਪਣੇ ਘਰਾਂ ਦੀਆਂ ਛਤਾਂ'ਤੇ ਚੜ੍ਹਕੇ ਚੜ੍ਹਕੇ ਸਵਾਗਤ ਦੇ ਗੀਤ ਗਾ ਰਹੀਆਂ ਸਨ ਮਦੀਨੇ ਦੇ ਹਬਸ਼ੀ ਗ਼ੁਲਾਮ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਆਉਣ ਦੀ ਖ਼ੁਸ਼ੀ ਵਿੱਚ ਤਲਵਾਰਾਂ ਦੇ ਕਰਤਬ ਦਿਖਾਉਂਦੇ ਫਿਰਦੇ ਸਨ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਕੁਝ ਸਮਾਂ ਲੰਘਣ ਦੇ ਬਾਦ ਹਜ਼ਰਤ ਜ਼ੈਦ ਨੂੰ ਮੱਕੇ ਭਿਜਵਾਇਆ ਅਤੇ ਉਹ ਆਪ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਪਰਿਵਾਰ ਨੂੰ ਮਦੀਨੇ ਲੈ ਆਏ । ਮਦੀਨੇ ਵਿੱਚ ਆਪ

ਸਲਲੱਾਹੁ ਅਲੈਹਿ ਵਸਲੱਮ ਨੇ ਜੋ ਜ਼ਮੀਨ ਖ਼ਰੀਦੀ ਸੀ ਉੱਥੇ ਸਭ ਤੋਂ ਪਹਿਲਾਂ ਮਸਜਿਦ ਦੀ ਨੀਂਹ ਰੱਖੀ ਅਤੇ ਉਸ ਦੇ ਬਾਦ ਆਪਣੇ ਅਤੇ ਆਪਣੇ ਸਾਥੀਆਂ ਲਈ ਘਰ ਬਣਵਾਏ ।

ਮਦੀਨੇ ਹਿਜਰਤ ਕਰਨ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਸੁਨਹ ਵਿੱਚ ਖ਼ਬੀਬ ਬਿਨ ਅਸਾੜ ਦੇ ਘਰ ਠਹਿਰੇ । ਸੁਨਹ ਮਦੀਨੇ ਦੇ ਬਾਹਰ ਵਾਰ ਇਕ ਥਾਂ ਹੈ ਜੋ ਮਸਜਿਦ ਨਬਵੀ ਤੋਂ ਲਗਭਗ ਦੋ ਮੀਲ ਦੀ ਦੂਰੀ'ਤੇ ਸੀ । ਹਜ਼ਰਤ ਖ਼ਬੀਬ ਦਾ ਸੰਬੰਧ ਬਨੂ ਹਾਰਸ ਬਿਨ ਖ਼ਜ਼ਰਜ ਨਾਲ ਸੀ । ਇਨ ਕਥਨ ਅਨੁਸਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਰਿਹਾਇਸ਼ ਹਜ਼ਰਤ ਖ਼ਾਰਜਾ ਬਿਨ ਜ਼ੈਦ ਦੇ ਘਰ ਸੀ । ਕਈ ਰਿਵਾਇਤਾਂ ਅਨੁਸਾਰ ਆਪ ਰਜ਼ੀ ਅਲੱਾਹੁ ਅਨਹੁ ਨੇ ਸੁਨਹ ਵਿੱਚ ਹੀ ਆਪਣਾ ਘਰ ਤੇ ਕਪੜਾ ਬਨਾਉਣ ਦਾ ਕਾਰਖ਼ਾਨਾ ਬਣਾ ਲਿਆ ਸੀ । ਇਸ ਰਾਹੀਂ ਆਪ ਨੇ ਵਪਾਰ ਕੀਤਾ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਜਾਰੀ ਰਹਿਣ ਬਾਰੇ ਆਖਕੇ ਹਜ਼ੂਰ ਅਨਵਰ ਨੇ ਹੇਠਾਂ ਲਿਖੇ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜੁਮਏ ਦੇ ਬਾਦ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਂਣ ਦਾ ਐਲਾਨ ਕੀਤਾ ।

1. ਮੁਕਰੱਮ ਚੌਧਰੀ ਅਸਗ਼ਰ ਅਲੀ ਕਲਾਰ ਸਾਹਬ ਮਰਹੂਮ ਅਸੀਰ ਰਾਹੇ ਮੌਲਾ ਸਪੁੱਤਰ ਮੁਕਰੱਮ ਮੁਹਮੱਦ ਸ਼ਰੀਫ਼ ਸਾਹਬ ਕਲਾਰ ਬਹਾਵਲਪੁਰ । ਮਰਹੂਮ 10 ਜਨਵਰੀ ਨੂੰ ਅਸੀਰੀ (ਕੈਦ) ਦੀ ਅਵਸਥਾ ਵਿੱਚ ਬਿਮਾਰ ਹੋਕੇ 70 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ਸਨ । (اناللہ وانا الیہ راجعون۔) । ਮਰਹੂਮ'ਤੇ 24 ਸਥੰਬਰ 2021 ਈ ਨੂੰ ਦਫ਼ਾ 295 ਜੀਮ, ਜੋ ਤੌਹੀਨੇ ਰਸਾਲਤ (ਨਊਜ਼ ਬਿਲੱਾਹਿ) ਦੀ ਦਫ਼ਾ ਹੈ, ਲਗਾਕੇ ਮੁਕਦੱਮਾ ਦਾਇਰ ਕੀਤਾ ਗਿਆ ਅਤੇ 26 ਸਤੰਬਰ ਨੂੰ ਗ਼ਿਫਤਾਰੀ ਕੀਤੀ ਗਈ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤੌਹੀਨੇ ਰਸਾਲਤ ਦਾ ਆਰੋਪ ਤਾਂ ਝੱਟ ਹੀ ਅਹਮਦੀਆਂ'ਤੇ ਲਾ ਦਿੰਦੇ ਹਨ । ਮਰਹੂਮ ਆਪਣੇ ਪਰਿਵਾਰ ਵਿੱਚ ਇਕੱਲੇ ਅਹਮਦੀ ਸਨ । ਆਰਥਕ ਤਹਿਰੀਕਾਂ ਵਿੱਚ ਵੱਧ ਚੜ੍ਹਕੇ ਭਾਗ ਲੈਂਣ ਵਾਲੇ, ਖ਼ਿਲਾਫ਼ਤ ਦੇ ਵਫ਼ਾਦਾਰ, ਮਹਿਮਾਨ ਨਵਾਜ਼, ਦਾਵਤ ਇਲਲੱਾਹ ਦਾ ਸ਼ੌਕ ਰਖੱਣ ਵਾਲੇ ਅਤੇ ਇਬਾਦਤ ਕਰਨ ਵਾਲੇ ਅਤੇ 1/8 ਭਾਗ ਦੇ ਮੂਸੀ ਸਨ ।

2. ਮੁਕਰੱਮ ਮਿਰਜ਼ਾ ਮੁਮਤਾਜ਼ ਅਹਮਦ ਸਾਹਬ ਕਾਰਕੁਨ ਵਕਾਲਤੇ ਉਲੀਆ ਰਬਵਾਹ ਅਤੇ

3. ਮੁਕਰੱਮ ਕਰਨਲ ਰਿਟਾਇਰਡ ਡਾਕਟਰ ਅਬਦੁਲ ਖ਼ਾਲਕ ਸਾਹਬ ਸਾਬਕਾ ਐਡਮਿਨਸਟ੍ਰੇਟਰ ਫ਼ਜ਼ਲੇ ਉਮਰ ਹਸਪਤਾਲ ਰਬਵਾਹ ।

ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی
عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 14.01.2022**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131